ਦੱਖਣੀ ਆਸਟ੍ਰੇਲੀਆ

# ਔਟਿਜ਼ਮ ਇਨਕਲੂਜ਼ਨ ਚਾਰਟਰ

ਦੱਖਣੀ ਆਸਟ੍ਰੇਲੀਆ ਦੀ ਸਰਕਾਰ ਔਟਿਸਟਿਕ ਵਿਅਕਤੀਆਂ ਦੇ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਵਚਨਬੱਧ ਹੈ। ਪੂਰੀ-ਸਰਕਾਰੀ ਪਹੁੰਚ ਦੇ ਰਾਹੀਂ ਗਿਆਨਵਾਨ ਅਤੇ ਸਮਾਵੇਸ਼ੀ ਰਾਜ ਨੂੰ ਸਮਰਥਿਤ ਕੀਤਾ ਜਾਵੇਗਾ ਜਿੱਥੇ ਔਟਿਸਟਿਕ ਅਤੇ ਔਟਿਜ਼ਮ ਭਾਈਚਾਰੇ ਵਿਕਸਿਤ ਹੋ ਸਕਦੇ ਹਨ।

ਇਸ ਚਾਰਟਰ ਰਾਹੀਂ ਨਾ ਸਿਰਫ਼ ਔਟਿਸਟਿਕ ਵਿਅਕਤੀਆਂ ਨੂੰ, ਬਲਕਿ ਸਾਰੇ ਦੱਖਣੀ ਆਸਟ੍ਰੇਲੀਆਈਆਂ ਨੂੰ ਲਾਭ ਮਿਲਦਾ ਹੈ ਕਿਉਂਕਿ ਜਦੋਂ ਅਸੀਂ ਨਿਊਰੋਡਿਵੇਰ੍ਸਿਟੀ ਦਾ ਸੁਆਗਤ ਅਤੇ ਵੱਖਰੀਆਂ ਸੋਚ, ਹੁਨਰ, ਕੰਮ ਕਰਨ ਦੇ ਤਰੀਕਿਆਂ ਅਤੇ ਯੋਗਦਾਨ ਨੂੰ ਇਕੱਠਾ ਕਰਦੇ ਹਾਂ, ਤਾਂ ਅਸੀਂ ਨਵੀਨਤਾ ਅਤੇ ਤਰੱਕੀ ਦੇ ਮੌਕਿਆਂ ਨੂੰ ਵਧਾਉਂਦੇ ਹਾਂ।

ਦੱਖਣੀ ਆਸਟ੍ਰੇਲੀਆਈ ਔਟਿਜ਼ਮ ਇਨਕਲੂਜ਼ਨ ਚਾਰਟਰ ਦੇ ਹਸਤਾਖਰਕਰਤਾ ਵਜੋਂ ਅਸੀਂ ਸਵੀਕਾਰਦੇ ਹਾਂ ਕਿ:

- ਹਰੇਕ ਵਿਅਕਤੀ ਲਈ ਔਟੀਸਟਿਕ ਸਮਰੱਥਾ ਅਤੇ ਸਹਾਇਤਾ ਦੀ ਲੋੜ ਵਿਲੱਖਣ ਹੁੰਦੀ ਹੈ
- ਮਿਲਜੁਲ ਕੇ ਸੱਚੀ ਸ਼ਮੂਲੀਅਤ ਅਤੇ ਸਹਿਯੋਗ ਦੁਆਰਾ ਕੰਮ ਕਰਨ ਨਾਲ ਸਾਰਥਕ ਨਤੀਜੇ ਪ੍ਰਾਪਤ ਹੁੰਦੇ ਹਨ।

ਦੱਖਣੀ ਆਸਟ੍ਰੇਲੀਆ ਸਰਕਾਰ ਦੀ ਅਗਵਾਈ ਕਰਨ ਲਈ ਦੱਖਣੀ ਆਸਟ੍ਰੇਲੀਆਈ ਔਟਿਜ਼ਮ ਇਨਕਲੂਜ਼ਨ ਚਾਰਟਰ ਚਾਰ ਸਿਧਾਂਤ ਨਿਰਧਾਰਤ ਕਰਦਾ ਹੈ ਜਿਵੇਂ ਕਿ ਅਸੀਂ ਹੇਠਾਂ ਦਿੱਤੇ ਵਿਸ਼ਿਆਂ ਦਾ ਨਿਰਮਾਣ ਕਰਦੇ ਹਾਂ:

## 1 ਗਿਆਨ ਅਤੇ ਸਮਝ

ਸਾਡੇ ਦੁਆਰਾ ਆਪਣੇ ਕੰਮ ਕਰਨ ਦੇ ਤਰੀਕੇ ਨੂੰ ਸੂਚਿਤ ਕਰਨ ਲਈ ਔਟਿਜ਼ਮ ਬਾਰੇ ਸਾਡੇ ਗਿਆਨ ਅਤੇ ਸਮਝ ਨੂੰ ਵਧਾਇਆ ਜਾਵੇਗਾ।

## 2 ਭਲਾਈ

ਅਸੀਂ ਨਿਊਰੋਡਾਈਵਰਜੈਂਟ ਅਤੇ ਸੱਭਿਆਚਾਰਕ ਤੌਰ 'ਤੇ ਪੁਸ਼ਟੀ ਕਰਨ ਵਾਲੇ ਰੀਤਾਂ-ਰਿਵਾਜਾਂ ਲਈ ਕੰਮ ਕਰਾਂਗੇ।

## 3 ਸੰਬੰਧ ਅਤੇ ਅਪਣਾਪਨ

ਅਸੀਂ ਪ੍ਰਮਾਣਿਕ ਔਟਿਜ਼ਮ ਸਮਾਵੇਸ਼ ਨੂੰ ਸਮਰਥਨ ਪ੍ਰਦਾਨ ਕਰਨ ਲਈ ਸੁਆਗਤ ਕਰਨ ਜੋਗ ਅਤੇ ਸੰਬੰਧਤ ਭਾਈਚਾਰਿਆਂ ਦਾ ਨਿਰਮਾਣ ਕਰਾਂਗੇ।

## 4 ਰੁਜ਼ਗਾਰ ਅਤੇ ਮੌਕੇ

ਅਸੀਂ ਔਟਿਸਟਿਕ ਵਿਅਕਤੀਆਂ ਦੀ ਸਿੱਖਿਆ ਅਤੇ ਟ੍ਰੇਨਿੰਗ, ਰੁਜ਼ਗਾਰ ਅਤੇ ਸਵੈ-ਇੱਛਤ ਮੌਕਿਆਂ ਵਿੱਚ ਆਉਣ ਵਾਲਿਆਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੰਮ ਕਰਾਂਗੇ।

Hon. Peter Malinauskas MP
ਮਾਨਯੋਗ Peter Malinausk ਦੱਖਣੀ ਆਸਟ੍ਰੇਲੀਆ ਦੇ
Premier of South Australia
MP ਪ੍ਰੀਮੀਅਰ ਵਜੋਂ

04 / 03 / 2024

Hon. Emily Bourke MLC
ਮਾਨਯੋਗ Emily Bourke MLC
Assistant Minister to the Premier
ਪ੍ਰੀਮੀਅਰ ਦੇ ਸਹਾਇਕ ਮੰਤਰੀ
Assistant Minister for Autism
ਔਟਿਜ਼ਮ ਲਈ ਸਹਾਇਕ ਮੰਤਰੀ

04 / 03 / 2024

Damien Walker
Damien Walker
Chief Executive of the Department of the Premier and Cabinet in South Australia
ਦੱਖਣੀ ਆਸਟ੍ਰੇਲੀਆ ਵਿੱਚ ਪ੍ਰੀਮੀਅਰ ਅਤੇ ਕੈਬਨਿਟ ਵਿਭਾਗ ਦੇ ਮੁੱਖ ਕਾਰਜਕਾਰੀ

04 / 03 / 2024

Government of South Australia

2024 - 2029